Office of the
District Magistrate, Sangrur
Telephone:+911672-234004 Email:
dc.sgr@punjab.gov.in

ਦਫਤਰ
ਜ਼ਿਲ੍ਹਾ ਮੈਜਿਸਟਰੇਟ, ਸੰਗਰੂਰ
ਟੈਲੀਫੋਨ:+911672-234004 ਈਮੇਲ:
dc.sgr@punjab.gov.in

(ਫੁਟਕਲ ਸ਼ਾਖਾ)
ਦਫਤਰੀ ਹੁਕਮ

ਨੰ: 74/ਐਮ.ਏ. ਮਿਤੀ 27/03/2020

ਪੰਜਾਬ ਰਾਜ ਵਿੱਚ ਕੋਵਿਡ-19 ਦੇ ਜੀਵਾਣੂ ਤੋਂ ਬੀਮਾਰੀ ਫੈਲਣ ਨੂੰ ਕੰਟਰੋਲ ਕਰਨ ਸਬੰਧੀ ਨਿਮਨ ਹਸਤਾਖਰ ਵੱਲੋਂ ਹੁਕਮ ਨੰ:54/ਐਮ.ਏ. ਮਿਤੀ 23.03.2020 ਰਾਹੀਂ ਅਗਲੇ ਹੁਕਮਾਂ ਤੱਕ ਜ਼ਿਲ੍ਹਾ ਸੰਗਰੂਰ ਵਿਖੇ ਕਰਫਿਊ ਲਗਾਇਆ ਗਿਆ ਹੈ। ਜਿਸ ਦੀ ਲਗਾਤਾਰਤਾ ਵਿੱਚ ਇਸ ਦਫਤਰ ਵੱਲੋਂ ਹੁਕਮ ਨੰ: 65/ਐਮ.ਏ ਮਿਤੀ 25/03/2020 ਅਤੇ ਹੁਕਮ ਨੰ: 68/ਐਮ.ਏ ਮਿਤੀ 27/03/2020 ਰਾਹੀਂ ਕੁਝ ਜ਼ਰੂਰੀ ਕੈਟਾਗਰੀਆਂ ਨੂੰ ਛੋਟ ਦਿੱਤੀ ਗਈ ਸੀ। ਹੁਣ ਨਿਮਨ ਜਨਤਕ ਹਿੱਤਾਂ ਨੂੰ ਧਿਆਨ ਵਿੱਚ ਰੱਖਦੇ ਹੋਏ ਆਮ ਪਬਲਿਕ ਦੀ ਸਹੂਲਤ ਲਈ ਹੇਠਾਂ ਲਿਖੇ ਅਨੁਸਾਰ ਜ਼ਰੂਰੀ ਵਸਤੂਆਂ ਦੀ ਸਪਲਾਈ ਦੀ ਇਜ਼ਾਜਤ ਦਿੱਤੀ ਜਾਂਦੀ ਹੈ:-

1) ਜ਼ਿਲ੍ਹਾ ਸੰਗਰੂਰ ਦੀ ਹਦੂਦ ਅੰਦਰ ਪੈਂਦੇ ਭੱਠਿਆਂ ਦੇ ਮਾਲਕਾਂ ਨੂੰ ਸਵੇਰੇ 8 ਵਜੇ ਤੋਂ ਸਵੇਰੇ 11 ਵਜੇ ਤੱਕ ਆਪਣੇ ਭੱਠਿਆਂ ਪਰ ਵਹਿਕਲਾਂ ਸਮੇਤ ਜਾਣ ਲਈ ਕਰਫਿਊ ਦੌਰਾਨ ਪਾਸ ਹੋਣ ਤੇ ਛੋਟ ਦਿੱਤੀ ਜਾਂਦੀ ਹੈ। ਇਹ ਭੱਠਾ ਮਾਲਕ ਆਪਣੇ ਭੱਠਿਆਂ ਅਤੇ ਭੱਠਿਆਂ ਦੀ ਲੇਬਰ ਦੀਆਂ ਰੋਜ਼ਾਨਾ ਦੀ ਲੋੜਾਂ ਪੂਰੀਆਂ ਕਰਨ ਲਈ ਲੋੜੀਂਦੇ ਪ੍ਰਬੰਧ ਕਰਨ ਉਪਰੰਤ ਸਵੇਰੇ 9 ਵਜੇ ਤੱਕ ਰਿਹਾਇਸ਼ੀ ਸਥਾਨਾਂ ਤੇ ਵਾਪਿਸ ਆਉਣ ਲਈ ਪਾਬੰਦ ਹੋਣਗੇ। ਅਜਿਹਾ ਕਰਦੇ ਸਮੇਂ ਉਹ ਕੋਵਿਡ-19 ਸਬੰਧੀ ਭਾਰਤ ਸਰਕਾਰ/ਪੰਜਾਬ ਸਰਕਾਰ ਅਤੇ ਇਸ ਦਫਤਰ ਵੱਲੋਂ ਜਾਰੀ ਕੀਤੀਆਂ ਹਦਾਇਤਾਂ ਦੀ ਪਾਲਣਾ ਕਰਨੀ ਯਕੀਨੀ ਬਨਾਉਣਗੇ ਅਤੇ ਸਮਾਜਿਕ ਦੂਰੀ ਦੇ ਨਿਯਮ ਨੂੰ ਆਪਣੇ-ਆਪਣੇ ਸੰਸਥਾਨ ਵਿੱਚ ਲਾਗੂ ਕਰਵਾਉਣਗੇ। ਸੰਬੰਧਤ ਉਪ ਮੰਡਲ ਮੈਜਿਸਟਰੇਟਜ਼ ਸਬੰਧਤ ਭੱਠਿਆਂ ਦੇ ਮਾਲਕਾਂ ਨੂੰ ਪਰਮਿਟ ਜਾਰੀ ਕਰ ਸਕਦੇ ਹਨ।
2) ਆਂਡਿਆਂ ਦੀ ਟਰੇਅ ਦੇ ਉਤਪਾਦਾਂ ਦੀ ਸਪਲਾਈ ਸਬੰਧੀ ਮਹਿਕਮੇ ਰਾਹੀਂ (ਪਸ਼ੂ ਪਾਲਣ ਵਿਭਾਗ) ਦਫਤਰ ਉਪ ਮੰਡਲ ਮੈਜਿਸਟਰੇਟ ਤੋਂ ਪਰਮਿਟ ਲੈਣ ਤੋ ਉਪਰੰਤ ਸਵੇਰੇ 8.00 ਵਜੇ ਤੋ ਸ਼ਾਮ 5.00 ਤੱਕ ਕੀਤੀ ਜਾ ਸਕਦੀ ਹੈ।
3) ਜੰਗਲਾਤ ਵਿਭਾਗ ਦੀਆਂ ਨਰਸਰੀਆਂ ਦੀ ਲੋੜੀਦੀ ਮੇਨਟੇਨੈਂਸ ਅਤੇ ਦਰੱਖਤਾਂ ਦੀ ਅਣਅਧਿਕਾਰਤ ਕਟਾਈ ਨੂੰ ਰੋਕਣ ਲਈ ਲੋੜੀਂਦੇ ਸਟਾਫ ਨੂੰ ਵਣ ਵਿਭਾਗ ਵੱਲੋਂ ਜਾਰੀ ਆਈ.ਕਾਰਡ ਤੇ ਹੀ ਛੋਟ ਦਿੱਤੀ ਜਾਵੇਗੀ। ਇਸ ਸਬੰਧੀ ਵਣ ਮੰਡਲ ਅਫਸਰ ਨੂੰ ਹਦਾਇਤ ਕੀਤੀ ਜਾਂਦੀ ਹੈ ਕਿ ਘੱਟ ਤੋਂ ਘੱਟ ਸਟਾਫ ਨੂੰ ਇਸ ਕੰਮ ਲਈ ਡਪਿਊਟ ਕੀਤਾ ਜਾਵੇ ਅਤੇ ਉਨ੍ਹਾਂ ਦੀ ਲਿਸਟ ਨਿਮਨ ਹਸਤਾਖਰ ਦਫਤਰ ਪਾਸੋਂ ਪ੍ਰਵਾਨ ਕਰਵਾ ਲਈ ਜਾਵੇ।
4) ਬੇਸਹਾਰਾ ਬੱਚਿਆਂ/ਅੰਗਹੀਣ/ਸੀਨੀਅਰ ਸਿਟੀਜ਼ਨ/ਬੇ-ਘਰ ਲੋਕਾਂ/ਔਰਤਾਂ/ਵਿਧਵਾ ਔਰਤਾਂ ਲਈ ਘਰ ਅਤੇ ਔਜ਼ਰਵੇਸ਼ਨ ਘਰਾਂ ਲਈ ਘੱਟੋ-ਘੱਟ ਲੋੜੀਂਦਾ ਸਟਾਫ ਜਿਲ੍ਹਾ ਸਮਾਜਿਕ ਤੇ ਸੁਰੱਖਿਆ ਅਫਸਰ ਰਾਹੀਂ ਸਬੰਧਤ ਉਪ ਮੰਡਲ ਮੈਜਿਸਟਰੇਟਸ ਵੱਲੋਂ ਪਾਸ ਜਾਰੀ ਕਰਨ ਉਪਰੰਤ ਛੋਟ ਦਿੱਤੀ ਜਾਵੇਗੀ।
5) ਖਾਣ ਯੋਗ ਪਾਦਰਥ ਜਿਵੇ ਕਿ ਚੀਨੀ, ਮੈਦਾ, ਆਟਾ, ਦਾਲਾਂ ਆਦਿ ਭਰਨ ਲਈ ਪੀ.ਪੀ. ਬੈਗਜ ਉਤਪਾਦਕਾਂ ਨੂੰ ਪੀ.ਪੀ.ਬੈਗਜ਼ ਅਤੇ ਡੀ.ਓ.ਸੀ ਅਤੇ ਉਆਇਲ ਕੇਕ ਬੈਗ ਬਣਾਉਣ ਦੀ ਛੋਟ ਦਿੱਤੀ ਜਾਂਦੀ ਹੈ। ਇਸ ਤੋ ਇਲਾਵਾ ਪੀ.ਪੀ. ਬੈਗਜ ਦੀ ਸਪਲਾਈ ਕਰਨ/ ਪੀ.ਪੀ.ਬੈਗਜ ਲਈ Raw Material ਅਤੇ ਲੋੜੀਂਦੀ ਲੇਬਰ ਨੂੰ ਵੀ ਸਬੰਧਤ ਉਪ ਮੰਡਲ ਮੈਜਿਸਟਰੇਟਜ਼ ਦੇ ਦਫਤਰ ਤੋਂ ਪਾਸ ਪ੍ਰਵਾਨ ਕਰਵਾਉਣ ਉਪਰੰਤ ਛੋਟ ਦਿੱਤੀ ਜਾਂਦੀ ਹੈ।

ਉਕਤ ਦਿੱਤੇ ਹੁਕਮਾਂ ਵਿੱਚ ਕੋਵਿਡ-19 ਸਬੰਧੀ ਹਦਾਇਤਾਂ, ਜਿਵੇ ਕਿ ਮਾਸਕ, ਦਸਤਾਨਿਆਂ, ਸੈਨੇਟਾਈਟਰਜ਼ ਦੀ ਸਪਲਾਈ, ਘੱਟੋ-ਘੱਟ 2 ਮੀਟਰ ਦੀ ਸਮਾਜਿਕ ਦੂਰੀ ਆਦਿ ਦੀ ਪਾਲਣਾਂ ਦੁਕਾਨਦਾਰ, ਅਦਾਰੇ ਦੇ ਮਾਲਕ ਆਦਿ ਵੱਲੋ ਆਪਣੇ ਪੱਧਰ ਤੇ ਯਕੀਨੀ ਬਣਾਈ ਜਾਵੇਗੀ, ਜਿਸ ਦੀ ਪਰਮਿਟ ਜਾਰੀ ਕਰਨ ਵਾਲੇ ਅਧਿਕਾਰੀ ਵੱਲੋ ਕਦੇ ਵੀ ਪੜਤਾਲ ਕੀਤੀ ਜਾ ਸਕਦੀ ਹੈ।

ਇੱਥੇ ਇਹ ਸਪੱਸ਼ਟ ਕੀਤਾ ਜਾਂਦਾ ਹੈ ਕਿ ਉਕਤ ਸਹੂਲਤਾਂ ਸਬੰਧੀ ਢੋਆ ਢੁਆਈ ਵਾਲੀਆ ਗੱਡੀਆਂ ਵਿੱਚ ਤਿੰਨ ਤੋ ਜਿਆਦਾ ਵਿਅਕਤੀ ਬੈਠੇ ਨਹੀ ਹੋਣੇ ਚਾਹੀਦੇ ਅਤੇ ਹਰੇਕ ਗੱਡੀ ਵਿੱਚ ਸੈਨੇਟਾਈਜ਼ਰ ਰੱਖਿਆ ਜਾਵੇ ਅਤੇ ਹਰ ਪ੍ਰਕਾਰ ਦੀਆਂ ਕਰੋਨਾਂ ਵਾਈਰਸ ਨਾਲ ਸਬੰਧਤ ਸਾਵਧਾਨੀਆਂ ਦੀ ਪਾਲਣਾ ਕਰਨੀ ਜਰੂਰੀ ਹੋਵੇਗੀ।

ਇਹ ਹੁਕਮ ਤੁਰੰਤ ਲਾਗੂ ਹੋਵੇਗਾ।

ਘਨਸ਼ਿਆਮ ਥੋਰੀ, ਆਈ.ਏ.ਐਸ
ਜ਼ਿਲ੍ਹਾ ਮੈਜਿਸਟਰੇਟ,
ਸੰਗਰੂਰ।

DISTRICT MAGISTRATE SANGRUR

Scanned with CamScanner

ਪਿੰ:ਅੰ:ਨੰ: 4833-4852/ਐਮ.ਏ ਮਿਤੀ : 27/03/2020

ਇਸ ਦਾ ਉਤਾਰਾ:-

1) ਮੁੱਖ ਸਕੱਤਰ ਪੰਜਾਬ ਸਰਕਾਰ, ਚੰਡੀਗੜ੍ਹ।
2) ਵਧੀਕ ਮੁੱਖ ਸਕੱਤਰ ਪੰਜਾਬ ਸਰਕਾਰ, ਗ੍ਰਹਿ ਮਾਮਲੇ ਅਤੇ ਨਿਆਂ ਵਿਭਾਗ
3) ਸੀਨੀਅਰ ਕਪਤਾਨ ਪੁਲਿਸ, ਸੰਗਰੂਰ ਪਾਸ ਇਸ ਦੀ ਇਕ ਕਾਪੀ ਭੇਜਕੇ ਲਿਖਿਆ ਜਾਂਦਾ ਹੈ ਕਿ ਉਹ ਸਬੰਧਤ ਡੀ.ਐਸ.ਪੀ ਅਤੇ ਥਾਣਾ ਮੁੱਖੀਆਂ ਨੂੰ ਹਦਾਇਤ ਕਰਨ ਕਿ ਉਕਤ ਹੁਕਮ ਦੀ ਇੰਨ-ਬਿੰਨ ਪਾਲਣਾ ਯਕੀਨੀ ਬਣਾਉਣ।
4) ਵਧੀਕ ਜ਼ਿਲ੍ਹਾ ਮੈਜਿਸਟਰੇਟ (ਜ਼/ਵ) ਸੰਗਰੂਰ
5) ਸਮੂਹ ਉਪ ਮੰਡਲ ਮੈਜਿਸਟਰੇਟਸ, ਜਿਲ੍ਹਾ ਸੰਗਰੂਰ
6) ਜ਼ਿਲ੍ਹਾ ਲੋਕ ਸੰਪਰਕ ਅਫਸਰ, ਸੰਗਰੂਰ
7) ਸਿਵਲ ਸਰਜਨ, ਸੰਗਰੂਰ
8) ਜ਼ਿਲ੍ਹਾ ਵਿਕਾਸ ਤੇ ਪੰਚਾਇਤ ਅਫਸਰ, ਸੰਗਰੂਰ
9) ਜਿਲ੍ਹਾ ਖੁਰਾਕ ਤੇ ਸਿਵਲ ਸਪਲਾਈਜ਼ ਕੰਟਰੋਲਰ, ਸੰਗਰੂਰ
10) ਜਿਲ੍ਹਾ ਮੰਡੀ ਅਫਸਰ, ਸੰਗਰੂਰ
11) ਮੁੱਖ ਖੇਤੀਬਾੜੀ ਅਫਸਰ, ਸੰਗਰੂਰ।
12) ਡਿਪਟੀ ਡਾਇਰੈਕਟਰ ਪਸ਼ੂ ਪਾਲਣ ਵਿਭਾਗ, ਸੰਗਰੂਰ
13) ਪੀ.ਏ ਟੂ ਡੀ.ਸੀ./ਸਟੈਨੋ ਟੂ ਏ.ਡੀ.ਸੀ./ਏ.ਸੀ.(ਜ)/ਏ.ਸੀ.(ਸ਼ਿਕਾਇਤਾਂ)

ਪਾਸ ਸੂਚਨਾ ਅਤੇ ਲੋੜੀਂਦੀ ਕਾਰਵਾਈ ਹਿੱਤ ਭੇਜਿਆ ਜਾਂਦਾ ਹੈ।

DISTRICT MAGISTRATE SANGRUR

ਘਨਸ਼ਿਆਮ ਥੋਰੀ, ਆਈ.ਏ.ਐਸ
ਜ਼ਿਲ੍ਹਾ ਮੈਜਿਸਟਰੇਟ,
ਸੰਗਰੂਰ।

Scanned with CamScanner